# ਰਜਿਸਟ੍ਰੇਸ਼ਨ ਸ਼ਾਖਾ

ਵਿਸ਼ਾ : **ਅਕਾਦਮਿਕ ਸ਼ੈਸ਼ਨ 2024-25 ਦੌਰਾਨ ਪਾਤਰਤਾ ਫਾਰਮ(Eligibility form) ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਨਾਰਮਲ ਅਤੇ ਲੇਟ ਫੀਸ ਨਾਲ, ਮਿਤੀਆਂ ਨਿਰਧਾਰਤ ਕਰਨ ਬਾਰੇ ।**

ਜਿਹੜੇ ਵਿਦਿਆਰਥੀ ਆਪਣੀ ਲੋਅਰ ਕਲਾਸ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਪੰਜਾਬ ਟੈਕਨੀਕਲ ਯੂਨੀਵਰਸਿਟੀ (**Distance/Lateral Entry Case only**), ਪੰਜਾਬ ਸਟੇਟ ਟੈਕਨੀਕਲ ਬੋਰਡ ਅਤੇ ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਜ਼ ਅਤੇ **Autonomous** ਕਾਲਜਾਂ ਤੋਂ ਪਾਸ ਕਰਨ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਭਾਗਾਂ ਅਤੇ ਸਬੰਧਤ ਕਾਲਜਾਂ/ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ/ **ODL mode** ਅਧੀਨ ਐਸੋਸੀਏਟ ਸੰਸਥਾਵਾਂ ਵਿਚ ਰੈਗੂਲਰ ਦਾਖਲਾ ਲੈਂਦੇ ਹਨ, ਉਹਨਾਂ ਵਲੋਂ ਆਪਣੇ ਲੋਅਰ ਕਲਾਸ ਦੇ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਮੇਂ ਪਾਤਰਤਾ ਫਾਰਮ ਭਰਿਆ ਜਾਂਦਾ ਹੈ। ਇਹਨਾਂ ਵਿਦਿਆਰਥੀਆਂ ਦੀ ਪਾਤਰਤਾ ਚੈਕ ਕਰਨ ਵਾਸਤੇ ਵਿਭਾਗਾਂ/ਕਾਲਜਾਂ/ਸੰਸਥਾਵਾਂ ਵਲੋਂ ਪਾਤਰਤਾ ਫਾਰਮ ਦੇ ਨਾਲ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਲਈ ਨਾਰਮਲ ਫੀਸ ਅਤੇ ਲੇਟ ਫੀਸ ਦੀਆਂ ਤਰੀਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਸਬੰਧੀ ਵਿਭਾਗਾਂ/ਕਾਲਜਾਂ/ ਸੰਸਥਾਵਾਂ ਨੂੰ ਇਕ ਸਰਕੂਲਰ ਜਾਰੀ ਕੀਤਾ ਜਾਂਦਾ ਹੈ । ਇਸ ਮੰਤਵ ਲਈ ਲਾਅ ਵਿਭਾਗ, ਮੇਨ ਕੈਂਪਸ, ਅੰਮ੍ਰਿਤਸਰ ਸਮੂਹ ਲਾਅ ਕਾਲਜਾਂ/ਰਿਜਨਲ ਕੈਂਪਸ ਜਲੰਧਰ ਅਤੇ ਗੁਰਦਾਸਪੁਰ ਲਈ ਪਾਤਰਤਾ ਫਾਰਮ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾਂ ਕਰਵਾਉਣ ਵਾਸਤੇ ਹੇਠ ਲਿਖੇ ਅਨੁਸਾਰ ਸ਼ਡਿਊਲ ਤਜਵੀਜ਼ ਕੀਤਾ ਜਾਂਦਾ ਹੈ:

## Law (Five Years) -Ist Semester (For University Campus / Regional Campus and for affiliated Law colleges):

ਪਾਤਰਤਾ ਫਾਰਮ(**Eligibility form**) ਜਮ੍ਹਾਂ ਕਰਵਾਉਣ ਲਈ ਸ਼ਡਿਊਲ

| | |
|---|---|
| ਬਿਨਾਂ ਲੇਟ ਫੀਸ | **9-10-2024** ਤੱਕ |
| 500/-ਰੁ: ਲੇਟ ਫੀਸ ਨਾਲ* | **10-10-2024** ਤੋ **24-10-2024** |
| 1000/-ਰੁ: ਲੇਟ ਫੀਸ ਨਾਲ* | **25-10-2024** ਤੋ **04-11-2024** |
| 2000/-ਰੁ: ਲੇਟ ਫੀਸ ਨਾਲ* | **05-11-2024** ਤੋ **13-11-2024** |
| 3000/-ਰੁ: ਲੇਟ ਫੀਸ ਨਾਲ<br>(ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **14-11-2024** ਤੋ 19-11-2024 |
| 3000/-ਰੁ: ਲੇਟ ਫੀਸ ਨਾਲ + 500 ਪ੍ਰਤੀ ਮਹੀਨਾ*<br>(ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **20-11-2024** ਤੋ ਬਾਅਦ |

*** (with GST fee if applicable)**

ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਦੀਆਂ ਮਿਤੀਆਂ :

| | |
|---|---|
| ਬਿਨਾਂ ਲੇਟ ਫੀਸ | ਦਾਖਲਾ ਮਿਤੀ ਤੋ ਇਕ ਮਹੀਨੇ ਤੱਕ,<br>(ਇਕ ਮਹੀਨੇ ਤੋ ਬਾਅਦ ਮਾਈਗ੍ਰੇਸ਼ਨ ਸਰਟੀਫਿਕੇਟ, ਸਿੰਡੀਕੇਟ ਦੀ ਇੱਕਤਰਤਾ ਮਿਤੀ 28-11-2019 ਦੇ ਮੱਦ ਨੰਬਰ 1.1(2) ਦੇ ਫੈਸਲੇ ਮੁਤਾਬਕ ਨਿਰਧਾਰਤ ਕੀਤੀ ਗਈ ਲੇਟ ਫੀਸ ਨਾਲ ਪ੍ਰਵਾਨ ਕੀਤਾ ਜਾਵੇਗਾ)। |